## ਪੰਜਾਬੀ ਯੂਨੀਵਰਸਿਟੀ ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਪ੍ਰੈਕਟੀਕਲ ਸ਼ਾਖਾ

ਨੰਬਰ: 440/ਪ੍ਰੈਕਟੀਕਲ

ਮਿਤੀ: 8-11-2024

### ਅਤਿ-ਜ਼ਰੂਰੀ ਸੂਚਨਾਂ (ਰਿਵਾਇਜ਼ਡ)

ਸਮੂਹ ਪ੍ਰਿੰਸੀਪਲ ਸਾਹਿਬਾਨ,
ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ।

**ਵਿਸ਼ਾ: ਦਸੰਬਰ--2024 ਪ੍ਰੈਕਟੀਕਲ ਪ੍ਰੀਖਿਆਵਾਂ (ਸਾਰੇ ਕੋਰਸਾਂ) ਸਬੰਧੀ ।**

**ਇਹ ਪੱਤਰ ਇਸ ਦਫ਼ਤਰ ਵਲੋਂ ਪਹਿਲਾਂ ਜਾਰੀ ਕੀਤੇ ਪੱਤਰ ਨੰਬਰ: 428/ਪ੍ਰੈਕਟੀਕਲ ਮਿਤੀ 10-10-2024 ਦੀ ਲਗਾਤਾਰਤਾ ਵਿੱਚ ਹੈ।**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ ਸਮੂਹ ਕਾਲਜਾਂ ਵਿਖੇ ਦਸੰਬਰ--2024 ਵਿੱਚ ਹੋਣ ਵਾਲੀਆਂ ਅੰਡਰ ਗਰੈਜੂਏਟ (ਰੈਗੂਲਰ ਅਤੇ ਰੀ-ਅਪੀਅਰ ਵਿਦਿਆਰਥੀਆਂ) ਦੀਆਂ **ਪ੍ਰੈਕਟੀਕਲ ਪ੍ਰੀਖਿਆਵਾਂ** ਕਰਵਾਉਣ ਦੇ ਸ਼ਡਿਊਲ ਵਿੱਚ ਸੋਧ ਕਰਦੇ ਹੋਏ ਦਸਿਆ ਜਾਂਦਾ ਹੈ ਕਿ ਇਹ ਪ੍ਰੈਕਟੀਕਲ ਪਰੀਖਿਆਵਾਂ ਪ੍ਰਿੰਸੀਪਲ ਸਾਹਿਬਾਨ ਆਪਣੀ ਸਹੂਲਤ ਅਨੁਸਾਰ ਮਿਤੀ 18-11-2024 ਤੋਂ ਸ਼ੁਰੂ ਕਰਵਾ ਲੈਣ ਅਤੇ ਇਹਨਾਂ ਪ੍ਰੈਕਟੀਕਲ ਪ੍ਰੀਖਿਆਵਾਂ ਦੀ ਅਵਾਰਡਜ਼ 31-1-2025 ਤੱਕ ਯੂਨੀਵਰਸਿਟੀ ਪੋਰਟਲ ਤੇ ਹਰ ਹਾਲਤ ਵਿੱਚ ਅੱਪ-ਲੋਡ ਕਰ ਦਿੱਤੀਆਂ ਜਾਣ,ਜੀ। ਕਿਉਂਕਿ NEP-2020 ਲਾਗੂ ਹੋਣ ਕਾਰਨ ਜੋ ਯੂਨੀਵਰਸਿਟੀ ਪ੍ਰੀਖਿਆਵਾਂ ਸ਼ਡਿਊਲ ਅਨੁਸਾਰ 18 ਨਵੰਬਰ 2024 ਤੋਂ ਅਕਾਦਮਿਕ ਕਲੰਡਰ ਅਨੁਸਾਰ ਕਰਵਾਉਣੀਆਂ ਬਣਦੀਆਂ ਹਨ, ਪਰ ਮੇਜ਼ਰ ਥਿਊਰੀ ਪ੍ਰੀਖਿਆਵਾਂ 2 ਦਸੰਬਰ-2024 ਤੋਂ ਸ਼ੁਰੂ ਹੋ ਰਹੀਆਂ ਹਨ।

ਇਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਅੰਡਰ ਗਰੈਜੂਏਟ ਕਲਾਸਾਂ/ਡਿਪਲੋਮਾ/ਸਰਟੀਫੀਕੇਟ/ ਪੀ.ਜੀ.ਡਿਪਲੋਮਾ (ਸਾਰੇ ਕੋਰਸਿਜ (ਰੈਗੂਲਰ ਅਤੇ ਰੀ-ਅਪੀਅਰ ਵਿਦਿਆਰਥੀਆਂ) (ਰੀ--ਅਪੀਅਰ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧਿਤ ਵਿਭਾਗ/ਕਾਲਜਾਂ ਦੇ ਮੁਖੀ/ਪ੍ਰਿੰਸੀਪਲ ਸਾਹਿਬਾਨ ਵੱਲੋ ਲਈਆਂ ਜਾਣਗੀਆਂ) ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ (ਸਮੈਸਟਰ ਪਹਿਲਾ, ਤੀਜਾ, ਪੰਜਵਾਂ, ਸੱਤਵਾਂ, ਨੌਵਾਂ ਅਤੇ ਗਿਆਰਵਾਂ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ ਕਾਲਜਾਂ ਦੇ ਮੁੱਖੀ/ਪ੍ਰਿੰਸੀਪਲ ਸਾਹਿਬਾਨ ਵੱਲੋਂ ਪਹਿਲਾਂ ਦੀ ਤਰ੍ਹਾਂ ਹੀ ਆਪਣੇ ਪੱਧਰ ਤੇ ਕਰਵਾਈਆਂ ਜਾਣੀਆਂ ਹਨ।

08/11/2024

ਵਧੀਕ ਕੰਟਰੋਲਰ (ਪ੍ਰੀਖਿਆਵਾਂ)

8.11.2024